# ਸੁਕੂਨ

## ਭਾਗ 4



ਸਰਬਪ੍ਰੀਤ

# ਸੁਕੂਨ -4

By

Sarbpreet

Sarb_preet37

All rights Reserved

ਇਹ ਹੈ ਜੋ ਦੁਆ ਕਰ ਰਿਹਾ

ਜਾਂ ਬਦਦੁਆ ਕਰ ਰਿਹਾ

ਮੇਰੇ ਲਈ ਕਰ ਰਿਹਾ

ਤਾਂ ਖ਼ਤਾ  ਕਰ ਰਿਹਾ

ਮੈਂ ਸਾਰੀ ਉਮਰ ਕੀਤੀ ਇੱਛਾ

ਕਿ ਪ੍ਰੇਮ ਹੋ ਜਾਵੇ ਹਾਸਿਲ

ਇਹ ਸ਼ੌਕ਼  ਹੈ ਜੋ ਮੈਨੂੰ

ਤਬਾਹ ਕਰ ਰਿਹਾ

ਹੁਣ ਕੌਣ ਪੁੱਛੇ ਤੇ ਕੌਣ ਆਵੇ

ਮੈਂ ਆਪਣਾ ਪਤਾ ਵੀ ਨਹੀਂ ਦਿੱਤਾ

ਜੇ ਕੋਈ ਹੁਣ ਪੁੱਛਦਾ ਵੀ ਹੈ

ਤਾਂ ਲਗਦਾ ਗੁਨਾਹ ਕਰ ਰਿਹਾ

ਇਹ ਹੈ ਜੋ ਦੁਆ ਕਰ ਰਿਹਾ

ਜਾਂ ਬਦਦੁਆ ਕਰ ਰਿਹਾ

ਮੇਰੇ ਲਈ ਕਰ ਰਿਹਾ

ਤਾਂ ਖ਼ਤਾ  ਕਰ ਰਿਹਾ

---

ਇਹ ਜ਼ਮਾਨਾ ਜੋ ਦੇਖਦਾ

ਸਾਨੂੰ  ਟੇਢੀ ਅੱਖ ਨਾਲ

ਇਹ ਜ਼ਮਾਨਾ ਖੁਦ੍ਹ

ਕਿਸੇ ਕਾਬਿਲ ਨਹੀਂ ਹੈ

ਉਹ ਜੋ ਭੜਕ ਉੱਠਦਾ

ਕੁੜੀਆਂ ਦੇ ਪ੍ਰੇਮ ਕਰਨ ਤੇ

ਇਹ ਆਪ ਕਿਸੇ ਨੂੰ ਬਖ਼ਸ਼ਦਾ ਨਹੀਂ

ਕੀ ਖੁਦ ਵੀ ਇਸ ਵਿੱਚ ਸ਼ਾਮਿਲ ਨਹੀਂ ਹੈ

ਇਹ ਚਿੱਟੀਆਂ ਦਾੜ੍ਹੀਆਂ ਵਾਲੇ

ਪਾਉਂਦੇ ਤਮਗੇ ਸਿਆਣੇ ਹੋਣ ਦੇ

ਬੱਸਾਂ ਵਿਚ ਕੁੜੀਆਂ ਤੋਂ ਪੁਛੋ

ਇਹ ਜਵਾਨਾਂ ਤੋਂ ਵੱਧ ਪਾਗਲ ਨਹੀਂ ਹੈ ?

ਇਹ ਜ਼ਮਾਨਾ ਖੁਦ੍ਹ

ਕਿਸੇ ਕਾਬਿਲ ਨਹੀਂ ਹੈ

ਇਹ ਅੱਖਾਂ ਮਿੱਚ ਕੇ ਬਹਿ ਜਾਂਦੇ

ਜਦ ਧੱਕੇਸ਼ਾਹੀ ਕਰਦਾ ਹੈ ਕੋਈ

ਜਿਸਤੇ ਚਲਦਾ ਜ਼ੋਰ ਚਲਾ ਲੈਂਦੇ

ਦੱਸੋ ਇਹ ਹੁਣ ਸ਼ਾਮਿਲ ਨਹੀਂ ਹੈ

ਇਹ ਜ਼ਮਾਨਾ ਖੁਦ੍ਹ

ਕਿਸੇ ਕਾਬਿਲ ਨਹੀਂ ਹੈ

---

**11 ਕਦਮ**

ਤੈਨੂੰ ਅਲਵਿਦਾ ਕਹਿੰਦਿਆਂ

ਜਦੋ ਮੈਂ ਆਪਣੀ ਬੱਸ ਵਾਲ ਕਦਮ ਪੁੱਟੇ

ਪਹਿਲੇ ਕਦਮ ਤੇ ਮੈਨੂੰ ਲੱਗਾ

ਮੈਂ ਵਾਪਿਸ ਆਵਾਂਗਾ

ਦੂਜੇ ਕਦਮ ਤੇ ਜਾਪਿਆ

ਪਤਾ ਨਹੀਂ ਕਦ ਆਵਾਂਗਾ

ਤੀਜੇ ਕਦਮ ਤੇ ਵਿਚਾਰ ਆਇਆ

ਮੈਂ ਨਾ ਜਾਵਾਂ ਤੈਂਥੋਂ ਦੂਰ

ਚੌਥੇ  ਕਦਮ ਤੇ ਸੋਚਿਆ

ਜਲਦੀ ਮਿਲਣਾ ਜ਼ਰੂਰ

ਪੰਜਵੇ ਕਦਮ ਤੇ ਹੋਈ ਫਿਕਰ

ਕੌਣ ਤੇਰਾ ਚਿਹਰਾ ਕਿਉਂ ਬੇਨੂਰ

ਛੇਵੇਂ ਕਦਮ ਤੇ ਜਾਪਿਆ ਤੈਂ

ਆਵਾਜ਼ ਨਹੀਂ ਮਾਰੀ ਮੈਨੂੰ

ਸਤਵੇਂ ਕਦਮ ਤੇ ਸਮਝਿਆ

ਤੂ ਵੀ ਤਾਂ ਮਜਬੂਰ

ਅੱਠਵੇਂ ਕਦਮ ਤੇ ਮੇਰੀ

ਅੱਖ ਛਲੱਕ ਗਈ ਕਿਓਂ

ਨੌਂਵੇਂ ਕਦਮ ਤੇ ਤੇ ਸੋਚਾਂ

ਹੁੰਦਾ ਮੇਰੇ ਨਾਲ ਹੀ ਇਉਂ

ਦੱਸਵੇਂ ਕਦਮ ਤੇ ਮੁੜ

ਤੱਕਦਿਆਂ ਤੈਨੂੰ ਮੁਸਕਾਨ ਆਇਆ

ਗਿਆਰਵੇਂ ਕਦਮ ਤੇ ਹੋਇਆ

ਸਦਾ ਲਈ ਤੈਥੋਂ ਦੂਰ

---

ਸੱਚ ਦਸਾਂ ਮੈਂ ਕੁਝ

ਕਰ ਜਾਣਾ ਏ

ਏਦਾਂ ਕੱਲਿਆਂ ਰਹਿ ਰਹਿ

ਮੈਂ ਮਰ ਜਾਣਾ ਏ

ਤੂ ਦੁਨਿਆਂ  ਨੂੰ ਕੀਤੀ ਅਲਵਿਦਾ

ਮੈਂ ਆਪਣੀ ਆਈ ਤੇ ਠਰ ਜਾਣਾ ਏ

ਏਦਾਂ ਕੱਲਿਆਂ ਰਹਿ ਰਹਿ

ਮੈਂ ਮਰ ਜਾਣਾ ਏ

ਤੇਰੀ ਡਾਇਰੀ ਤੇਰੀ ਕਾਪੀ

ਤੇਰੀਆਂ ਯਾਦਾਂ

ਦੱਸ ਕਦ ਤੱਕ ਜ਼ਿੰਦਾ ਰੱਖ

ਜਾਣਗੀਆਂ

ਮੈਂ ਉਮਰ ਲੰਘਾ ਲਵਾਂ ਸ਼ਇਦ

ਪਰ ਅੰਦਰੋਂ ਤਾਂ ਭਰ ਜਾਣਾ ਏ

ਏਦਾਂ ਕੱਲਿਆਂ ਰਹਿ ਰਹਿ

ਮੈਂ ਮਰ ਜਾਣਾ ਏ

---

ਕਰ ਲੈ ਤੂੰ ਗੱਲ ਘਰ

ਹੋਵੇ ਗੱਲ ਆਰ ਪਾਰ ਦੀ

ਕਿਤੇ ਰਹਿ ਜੇ ਅਧੂਰੀ

ਕਹਾਣੀ ਸਾਡੇ ਪਿਆਰ ਦੀ

ਦੱਸ ਦੇਵੀ ਘਰ ਮੁੰਡਾ

ਜ਼ਿਮੇਵਾਰ  ਬੜਾ ਹੈ

ਹਰ ਔਖੇ ਸੌਖੇ ਸਮੇਂ

ਨਾਲ ਮੇਰੇ ਖੜ੍ਹਾ ਹੈ

ਗੱਲ ਨਹੀਂ ਹੈ ਜ਼ਮਾਨੇ ਦੀ

ਗੱਲ ਥੋੜੇ ਸਤਿਕਾਰ ਦੀ

ਕਿਤੇ ਰਹਿ ਜੇ ਅਧੂਰੀ

ਕਹਾਣੀ ਸਾਡੇ ਪਿਆਰ ਦੀ

ਮੈਂ ਆਖ ਦਿੰਦਾ ਬੇਬੇ ਨੂੰ

ਕੁੜੀ ਸਾਕ ਸਾਂਭਣੇ ਹੈ ਜਾਣਦੀ

ਮੇਰਾ ਚੰਗਾ ਮਾੜਾ ਤੇਰੇ ਵਾਂਗ

ਆਪੇ ਹੀ ਪਛਾਣਦੀ

ਸੁਹੱਪਣ ਹੀ ਰੱਖੇ ਉਹ

ਬਹੁਤੀ ਸੌਂਕਣ ਨਾ ਸ਼ਿੰਗਾਰ ਦੀ

ਕਿਤੇ ਰਹਿ ਜੇ ਅਧੂਰੀ

ਕਹਾਣੀ ਸਾਡੇ ਪਿਆਰ ਦੀ

ਨਾਂਹ ਆਖ਼ਣੈ ਪਹਿਲਾਂ

ਮਿਲਣੇ ਦਾ ਪੁੱਛ ਲਈਂ

ਨੀ ਬਾਬੇ ਘਰ ਜਾਕੇ

ਸੁੱਖ ਕੋਈ ਸੁੱਖ ਲਈਂ

ਜੇ ਫੇਰ ਨਾਮ ਮੰਨਣ

ਗੱਲ ਮੰਨ ਲਈਂ ਪਰਿਵਾਰ ਦੀ

ਕਿਤੇ ਰਹਿ ਜੇ ਅਧੂਰੀ

ਕਹਾਣੀ ਸਾਡੇ ਪਿਆਰ ਦੀ

ਮੇਰੇ ਵੱਲੋਂ ਮਾਂ ਆਖ ਦੇਵੀਂ

ਤੈਥੋਂ ਵੱਧ ਕੋਈ ਨਹੀਂ ਮੇਰਾ

ਉਹ ਓਹਨਾ ਹੀ ਕਰੇ

ਜਿੰਨਾ ਬਾਪੂ ਕਰੇ ਤੇਰਾ

ਮੈਨੂੰ ਛੱਡਣੇ ਤੋਂ ਪਹਿਲਾਂ ਫੇਰ

ਪੁੱਛ ਲਵੀਂ ਇੱਕ ਵਾਰ ਵੀ

ਕਿਤੇ ਰਹਿ ਜੇ ਅਧੂਰੀ

ਕਹਾਣੀ ਸਾਡੇ ਪਿਆਰ ਦੀ

----

ਚੁੱਪ ਕੌਰ

ਚੁੱਪ ਕੌਰ ਬਣ ਗਈ ਮੈਂ

ਜਦੋ ਨਿੱਕੇ ਹੁੰਦਿਆਂ

ਮੇਰੇ ਚਾਅ ਨਹੀਂ

ਪੁੱਛੇ ਗਏ

ਚੁੱਪ ਕੌਰ ਬਣ ਗਈ ਮੈਂ

ਜਦੋ ਮੈਨੂੰ ਘਰ

ਵਿੱਚ ਨਜ਼ਰਬੰਦ ਰੱਖਿਆ ਗਿਆ

ਚੁੱਪ ਕੌਰ ਬਣ ਗਈ ਮੈਂ

ਜਦੋ ਮੇਰੇ ਸਿਰ ਤੇ ਰਖੀ ਗਈ

ਇਜ਼ਤਾਂ ਦੀ ਭਾਰੀ ਪੰਡ

ਚੁੱਪ ਕੌਰ ਬਣ ਗਈ ਮੈਂ

ਜਦੋ ਉਹ ਮੁੰਡਾ ਮੇਰਾ

ਦੋਸਤ ਨਹੀਂ ਬਣਨ ਦਿੱਤਾ ਗਿਆ

ਚੁੱਪ ਕੌਰ ਬਣ ਗਈ ਮੈਂ

ਜਦੋ ਦੋਸਤੀ ਦੇ ਪਵਿੱਤਰ

ਰਿਸ਼ਤੇ ਨੂੰ ਬਦਨਾਮ ਕਰ

ਦਿੱਤਾ ਗਿਆ

ਚੁੱਪ ਕੌਰ ਬਣ ਗਈ ਮੈਂ

ਜਦੋ ਮੇਰੇ ਉਸ ਦੋਸਤ ਦਾ

ਦਿਲ ਪਹਿਲੀ ਵਾਰ ਟੁੱਟਿਆ

ਚੁੱਪ ਕੌਰ ਬਣ ਗਈ ਮੈਂ

ਜਦੋ ਮੇਰੇ ਦੋਸਤ ਦੇ ਰੋਕਣ

ਬਾਅਦ ਵੀ

ਹਾਵਸ਼ੀ ਦੇ ਵੱਸ ਹੋ ਗਈ

ਚੁੱਪ ਕੌਰ ਬਣ ਗਈ ਮੈਂ

ਜਦੋ ਸਾਰਾ ਜ਼ਮਾਨਾ

ਮੇਨੂ ਨਿੰਦ ਰਿਹਾ ਸੀ ਤੇ

ਸਿਰਫ ਉਹ ਦੋਸਤ ਮੈਨੂੰ

ਸਾਂਭ ਰਿਹਾ ਸੀ

ਬਿਲਕੁਲ ਬੱਚਿਆਂ ਵਾਂਗ

ਚੁੱਪ ਕੌਰ ਬਣ ਗਈ ਮੈਂ

ਜਦੋ ਇਸੇ ਦੋਸਤ ਨੇ

ਮੇਰੇ ਲਈ ਪ੍ਰੇਮ ਨਾ ਹੁੰਦੇ

ਹੋਏ ਵੀ ਮੇਰਾ ਹਮਸਫਰ

ਬਣਨ ਦੀ ਹਾਮੀ ਭਰੀ

ਚੁੱਪ ਕੌਰ ਬਣ ਗਈ ਮੈਂ

ਜਦੋ ਇਸਨੇ ਮੇਰੀ ਆਪਣੀ ਗਲਤੀ

ਨਾਲ ਤਾਰ  ਤਾਰ ਹੋਈ ਇਜ਼ਤ ਨੂੰ

ਸਮੇਟ ਲਿਆ

ਚੁੱਪ ਕੌਰ ਬਣ ਗਈ ਮੈਂ

ਜਦੋ ਮੇਰੀ ਇਜਾਜ਼ਤ ਦੇ ਬਗੈਰ

ਕਿੰਨੇ ਵਰ੍ਹਿਆਂ ਤੱਕ ਇਸਨੇ ਮੈਨੂੰ

ਛੂਹਿਆ ਤੱਕ ਨਹੀਂ

ਚੁੱਪ ਕੌਰ ਬਣ ਗਈ ਮੈਂ

ਜਦੋ ਮੇਰੇ ਮਾਂ ਨਾ ਬਣਨ

ਇਹਨੇ ਦੋਸ਼ ਆਪਣੇ ਸਰ

ਲੈ ਲਏ

ਚੁੱਪ ਕੌਰ ਬਣ ਗਈ ਮੈਂ

ਜਦੋ ਮੈਂ ਦੋਸਤ ਵਿੱਚ

ਰੱਬ ਦੇਖ ਲਿਆ

ਅੱਜ ਮੈਂ ਆਪਣੀ ਚੁੱਪ ਤੋੜ

ਰਹੀ ਹਾਂ

ਅਤੇ ਮੰਨ ਰਹੀ ਹਾਂ ਕਿ

ਮੇਰੇ ਦੋਸਤ ਨੂੰ ਮੈਂ ਪ੍ਰੇਮ ਦੇਵਾਂਗੀ।

ਸਾਰੀਆਂ ਚੁੱਪ ਕੌਰਾਂ ਨੂੰ

ਦਸਦੀ ਹਾਂ ਕਿ ਆਪਣੇ

ਮੋਹ ਵਾਲਿਆਂ ਦਾ ਸਤਿਕਾਰ ਕਰੋ

ਕਿਓਂਕਿ

ਚੁੱਪ ਕੌਰ ਬਣ ਜਾਣਾ ਆਪਣੇ ਆਪ

ਨੂੰ ਮਾਰਨਾ ਹੈ।

---

ਇਹ ਮੁੰਡਾ ਜੋ

ਸਾਰਾ ਬੋਝ ਢੋਹੀ ਜਾਂਦਾ ਹੈ

ਤਰਸਦਾ ਰਿਹਾ ਪ੍ਰੇਮਿਕਾ ਦੀ

ਬੁੱਕਲ ਵਿੱਚ ਸੌਣ ਲਈ |

---

ਇਹ ਕੰਧਾਂ ਇਹ ਕਮਰਾ

ਇਹ ਬਿਸਤਰ ਏ ਪੱਖਾ

ਇਹ ਅਲਮਾਰੀ ਚ ਚਿਣੀਆਂ ਕਿਤਾਬਾਂ

ਜਾਣਦੀਆਂ ਨੇ ਮੇਰਾ ਅਸਲ ਵਜੂਦ

ਕਿਓਂਕਿ ਇਥੇ ਮੇਰੇ ਚਿਹਰੇ ਤੇ

ਮਾਖੌਟੇ ਨਹੀਂ ਹੁੰਦੇ |

---

ਤੂੰ ਬੈਠ ਮੇਰੇ ਕੋਲ

ਕਿਸੇ ਦਿਨ ਵਿਹਲ ਕੱਢ ਕੇ

ਮੈਂ ਤੈਨੂੰ ਵੇਖਣਾ ਹੈ

ਬਿਨਾ ਜ਼ਮਾਨੇ ਦੀ ਪ੍ਰਵਾਹ ਕੀਤੇ

ਮੈਂ ਸੌਣਾ ਹੈ ਘੰਟਿਆਂ ਬਧੀ

ਚੈਨ ਦੀ ਨੀਂਦ

ਤੇਰੀ ਗੋਦ ਵਿੱਚ ਸਿਰ

ਰੱਖ ਕੇ

ਤੇਰੇ ਵਾਲਾਂ ਨਾਲ

ਖੇਡਣਾ ਹੈ ਬੱਚਿਆਂ

ਵਾਂਗ ਵਾਰ ਵਾਰ

ਮੈਂ ਤੇਰੇ ਹੱਥ ਚੁੰਮਣੇ

ਪਹਿਲੀ ਮੁਲਾਕਾਤ ਵਾਂਗ

ਮੈਂ ਪ੍ਰੇਮ ਦੀ ਉਸ ਅਵਸਥਾ

ਦਾ ਆਨੰਦ ਤੇਰੇ

ਹਾਸਿਆਂ ਚੋਂ ਮਾਨਣਾ

ਜਿਥੋਂ ਲੋਕ ਝੱਲੇ ਹੋ ਜਾਂਦੇ ਨੇ

ਤੂੰ ਬੈਠ ਮੇਰੇ ਕੋਲ

ਕਿਸੇ ਦਿਨ ਵਿਹਲ ਕੱਢ ਕੇ

ਮੈਂ ਤੈਨੂੰ ਵੇਖਣਾ ਹੈ

ਬਿਨਾ ਜ਼ਮਾਨੇ ਦੀ ਪ੍ਰਵਾਹ ਕੀਤੇ

ਅੱਜ ਛੱਡ ਦੇ ਫਿਕਰ ਇਸ

ਪੜ੍ਹਾਈ ਦੀ  ਕੰਮ ਕਾਰ ਦੀ

ਰੋਟੀਆਂ ਪਕਾਉਣ ਦੀ

ਭਾਂਡੇ ਧੋਣ ਦੀ

ਜਿਵੇ ਮੈਂ ਇਸ ਸਮੇ ਲਈ

ਤਿਆਗ ਦਿੱਤਾ ਆਪਣੀ ਨੌਕਰੀ ਦਾ

ਬੋਝ

ਅੱਜ ਸਿਰਫ ਇੱਕੋ ਦੂਜੇ ਕੋਲ

ਬੈਠੀਏ ਜਿਵੇ ਪੰਛੀਆਂ ਦਾ

ਜੋੜਾ ਆਤਮ ਸਮਰਪਣ ਕਰ

ਬੈਠਦਾ ਹੈ |

ਤੂੰ ਬੈਠ ਮੇਰੇ ਕੋਲ

ਕਿਸੇ ਦਿਨ ਵਿਹਲ ਕੱਢ ਕੇ

ਮੈਂ ਤੈਨੂੰ ਵੇਖਣਾ ਹੈ

## ਬਿਨਾ ਜ਼ਮਾਨੇ ਦੀ ਪ੍ਰਵਾਹ ਕੀਤੇ

ਉਹ ਪ੍ਰੇਮਿਕਾਵਾਂ ਜੋ

ਮੁੰਡਿਆਂ ਨੂੰ ਸਾਂਭਦੀਆਂ

ਪਤਨੀਆਂ ਨਹੀਂ ਬਣ ਸਕੀਆਂ

ਅਤੇ

ਉਹ ਪਤਨੀਆਂ ਮਾਣ ਕਰਦੀਆਂ

ਚੰਗੇ ਪਤੀ ਮਿਲਣ ਤੇ ਜਿੰਨ੍ਹਾਂ

ਕੋਈ ਪ੍ਰੇਮ ਨਹੀਂ ਕੀਤਾ

---

ਤੂੰ ਕੱਲੀ ਨਹੀਂ ਏਂ ਕੁੜੀਏ

ਤੂੰ  ਕੱਲੀ ਨਹੀਂ ਏਂ ਕੁੜੀਏ

ਜਿਸਨੂੰ ਪ੍ਰੇਮ ਦੀ ਨਜ਼ਰ ਨਾਲ

ਨਹੀਂ ਵੇਖਿਆ ਗਿਆ

ਜਿਸਦੇ ਸਾਂਵਲੇ ਰੰਗ ਨੂੰ

ਸਫੇਦ ਕਰਨ ਦੇ ਬਿਨਾਂ

ਪੁੱਛੇ ਦੱਸੇ ਗਏ

ਤੂੰ  ਕੱਲੀ ਨਹੀਂ ਏਂ ਕੁੜੀਏ

ਜਿਸਨੂੰ ਪ੍ਰੇਮ ਦਾ ਲਾਲਚ ਦੇ

ਜਿਸਮ ਦੀ ਖੇਡ ਖੇਡੀ ਗਈ

ਤੇ ਫਿਰ ਧੱਕੇ ਮਾਰ ਦਿਤੇ

ਗਏ

ਤੂੰ  ਕੱਲੀ ਨਹੀਂ ਏਂ ਕੁੜੀਏ

ਜਿਸਦੇ ਵਿਆਹ ਲਈ

ਆਏ ਰਿਸ਼ਤੇ ਰੂਪ ਨਾ

ਹੋਣ ਕਰ ਮੋੜ ਦਿੱਤੇ ਗਏ

ਤੂੰ  ਕੱਲੀ ਨਹੀਂ ਏਂ ਕੁੜੀਏ

ਜਿਸਨੇ ਇਕ ਪ੍ਰੇਮੀ ਦੀ

ਖ਼ਾਹਿਸ਼ ਕੀਤੀ ਹੋਵੇ ਤੇ

ਬਦਲੇ ਵਿਚ ਪਤੀ ਦੇ ਰੂਪ

ਵਿੱਚ ਸਿਰਫ ਮਾਲਕ ਮਿਲਿਆ ਹੋਵੇ

ਤੂੰ  ਕੱਲੀ ਨਹੀਂ ਏਂ ਕੁੜੀਏ....

---

ਤੂੰ ਕੱਲਾ ਨਹੀਂ ਮੁੰਡਿਆ

ਜਿਸਦੇ ਰੰਗ ਦਾ

ਮਜ਼ਾਕ ਭਰੀ ਮਹਿਫ਼ਿਲ

ਚ ਉੱਡਿਆ

ਤੂੰ ਕੱਲਾ ਨਹੀਂ ਮੁੰਡਿਆ

ਜਿਸਦੇ ਪਤਲੇ ਹੋਣ

ਤੇ ਸਿਰਫ ਸਲਾਹਾਂ ਮਿਲੀਆਂ

ਤੂੰ ਕੱਲਾ ਨਹੀਂ ਮੁੰਡਿਆ

ਜਿਸਦੀ ਸਾਰੇ ਕਾਲਜ ਟਾਈਮ

ਕੋਈ ਦੋਸਤ ਨਹੀਂ ਬਣੀ

ਤੂੰ ਕੱਲਾ ਨਹੀਂ ਮੁੰਡਿਆ

ਜਿਸਨੇ ਸਿਰਫ ਕਿਤਾਬਾਂ

ਅਤੇ ਫ਼ਿਲਮਾਂ ਵਿੱਚ

ਪ੍ਰੇਮ ਮਾਣਿਆ

ਤੂੰ ਕੱਲਾ ਨਹੀਂ ਮੁੰਡਿਆ...

---

ਜਾ ਸੱਜਣਾ ਜਾ

ਮੈਂ ਤੇਰੇ ਲਈ

ਆਪਣੇ ਦਿਲ ਦੇ ਸਾਰੇ

ਦਰਵਾਜ਼ੇ ਬੰਦ ਕਰ ਲਏ

ਨੇ

ਅੱਛਾ ਗੱਲ ਸੁਣ

ਖਿੜਕੀ ਖੁਲੀ ਆ

--

ਤੂੰ ਦੋਸਤ ਬਣ

ਮੁਹੱਬਤ ਬਣ

ਭਾਵੇਂ ਸਿਰਫ ਇੱਕ

ਜਾਣਕਾਰ

ਮੈਂ ਆਪਣਾ ਰਿਸ਼ਤਾ ਤੇਰੇ

ਹਵਾਲੇ ਕੀਤਾ ਏ

---

ਕਾਸ਼ ਉਹ

ਫੋਨ ਕਾਲਾਂ

ਰਪੀਟ ਚੱਲਣ

ਜਿੰਨਾ ਚ ਆਪਣੀ

ਮੁਹੱਬਤ ਬਾਰੇ  ਗੱਲ ਹੋਈ

ਹੋਵੇ |

---

ਯਾਰ

ਗੁਸਤਾਖੀ ਤਾਂ

ਬਹੁਤ ਵੱਡੀ

ਰਾਤਾਂ ਨੂੰ ਸੌਣ

ਲੱਗੇ

ਤੈਨੂੰ ਆਪਣੀ ਬਾਹਾਂ ਵਿੱਚ

ਸੋਚਣਾ

---

ਤੇਰੀ ਤੇਜ਼ ਨਜ਼ਰੋਂ ਸੇ

ਆਤਾ ਹੈ

ਇਤਨਾ ਖੌਫ

ਕਿ ਤੂੰ ਆਪਣੀ ਜਨਮ ਪੋਸ਼ਾਕ

ਮੈ ਭੀ ਸਾਮਣੇ

ਆਏ

ਤੋਹ ਹਮ ਨਜ਼ਰ ਨਾ ਉਠਾਏਂ |

---

ਲੱਗਣੀਆਂ ਮਹਿਫ਼ਿਲਾਂ

ਹੋਰ ਬਹੁਤ

ਮਿਲਣਗੇ ਲੋਕ ਵੀ

ਹੋਰ ਬਹੁਤ

ਪਰ ਆਪਾਂ

ਦੋਵਾਂ ਨੂੰ

ਆਪਾਂ ਦੋਵਾਂ ਨੇ ਨਹੀਂ ਮਿਲਣਾ

---

ਕਿਸੇ ਬੂਟੇ ਨਾਲ

ਧਾਗਾ ਬੰਨ ਕੇ

ਮੇਰਾ ਖਿਆਲ ਕਰੀਂ

ਤੂੰ ਜੋ ਵੀ ਕਰੇਂ ਦੁਆ ਬਦ-ਦੁਆ

ਮੇਰਾ ਖਿਆਲ ਕਰੀਂ

ਦਿਲ ਖੁਸ਼ ਹੁੰਦਾ ਹੈ

ਤੇਰੇ ਮੂਹੋਂ

ਮੇਰਾ ਜ਼ਿਕਰ ਸੁਣਕੇ

ਫਿਰ ਭਾਵੇ

ਗੱਲਾਂ ਨਾਲ ਬੁਰਾ ਹਾਲ

ਕਰੀਂ

ਕਿਸੇ ਬੂਟੇ ਨਾਲ

ਧਾਗਾ ਬੰਨ ਕੇ

ਮੇਰਾ ਖਿਆਲ ਕਰੀਂ

---

ਕਿੰਨੇ ਸ਼ੇਰ

ਕਿੰਨੇ ਕਿੱਸੇ

ਕਿੰਨੀਆਂ ਕਵਿਤਾਵਾਂ

ਕਿੰਨੇ ਅਫਸਾਨੇ ਲੱਗਣਗੇ

ਤੈਨੂੰ ਆਪਣੇ ਪ੍ਰੇਮ ਦਾ

ਇਜ਼ਹਾਰ ਕਰਨ ਚ

ਕਿੰਨੇ ਜ਼ਮਾਨੇ ਲੱਗਣਗੇ |

ਕਿਤਾਬ ਪੜ੍ਹਨ ਲਈ ਸਾਰੇ ਪਾਠਕਾਂ ਦਾ ਤਹਿ ਦਿਲੋਂ

ਧੰਨਵਾਦ  ਆਪ ਜੀ ਦਾ ਪ੍ਰੇਮ ਸਦਾ ਬਣਿਆ ਰਹੇ |

Insta : sarb_preet37


ਪੰਜਾਬੀ ਲਾਇਬ੍ਰੇਰੀ

PUNJABI LIBRARY

www.PunjabiLibrary.com